Australian Government

# ਰਾਸ਼ਟਰੀ ਫਿਊਲ ਸੁਰੱਖਿਆ ਯੋਜਨਾ

**ਵਿਸ਼ਵ-ਪੱਧਰੀ ਟਕਰਾਅ ਕਾਰਨ ਦੁਨੀਆ ਭਰ ਵਿੱਚ ਤੇਲ ਅਤੇ ਗੈਸ ਦੀ ਸਪਲਾਈ ਨੂੰ ਬੇਮਿਸਾਲ ਝਟਕਾ ਲੱਗ ਰਿਹਾ ਹੈ, ਜਿਸ ਨਾਲ ਆਸਟ੍ਰੇਲੀਆਈ ਖ਼ਪਤਕਾਰਾਂ ਅਤੇ ਕਾਰੋਬਾਰਾਂ ਲਈ ਫਿਊਲ ਦੀਆਂ ਕੀਮਤਾਂ ਵੱਧ ਰਹੀਆਂ ਹਨ। ਵਿਸ਼ਵ-ਪੱਧਰੀ ਸਥਿਤੀ ਅਜੇ ਵੀ ਅਣ-ਅਨੁਮਾਨਿਤ ਅਤੇ ਅਸਥਿਰ ਬਣੀ ਹੋਈ ਹੈ। ਹਾਲਾਂਕਿ ਇਸ ਵੇਲੇ ਆਸਟ੍ਰੇਲੀਆ ਸੁਰੱਖਿਅਤ ਸਥਿਤੀ ਵਿੱਚ ਹੈ, ਪਰ ਹਰ ਸਥਿਤੀ ਲਈ ਯੋਜਨਾ ਬਣਾਉਣਾ ਸਾਰੀਆਂ ਸਰਕਾਰਾਂ ਦੀ ਜ਼ਿੰਮੇਵਾਰੀ ਹੈ।**

ਸਾਰੀਆਂ ਸਰਕਾਰਾਂ ਪਹਿਲਾਂ ਤੋਂ ਹੀ ਅਗਾਊਂ ਯੋਜਨਾ ਬਣਾ ਰਹੀਆਂ ਹਨ ਤਾਂ ਜੋ ਵਿਸ਼ਵ-ਪੱਧਰੀ ਊਰਜਾ ਝਟਕੇ ਦੇ ਪ੍ਰਭਾਵ ਦੌਰਾਨ ਆਸਟ੍ਰੇਲੀਆਈ ਲੋਕਾਂ ਦੀ ਸਹਾਇਤਾ ਲਈ ਅਸੀਂ ਇਕੱਠੇ ਕਾਰਵਾਈ ਕਰਨ ਲਈ ਤਿਆਰ ਰਹੀਏ।

ਭਾਈਚਾਰਾ ਇਹ ਭਰੋਸਾ ਰੱਖ ਸਕਦਾ ਹੈ ਕਿ ਅਸੀਂ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਇਕੱਠੇ, ਕਦਮ-ਦਰ-ਕਦਮ, ਇੱਕ ਵਿਆਪਕ ਅਤੇ ਪੜਾਅਵਾਰ ਪਹੁੰਚ ਨਾਲ ਕਰ ਰਹੇ ਹਾਂ।

ਰਾਸ਼ਟਰੀ ਕੈਬਨਿਟ ਨੇ ਰਾਸ਼ਟਰਮੰਡਲ, ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਿੱਚ ਇੱਕ ਇਕਸਾਰ ਕਾਰਵਾਈ ਯਕੀਨੀ ਬਣਾਉਣ ਲਈ National Fuel Security Plan (ਨੈਸ਼ਨਲ ਫਿਊਲ ਸੁਰੱਖਿਆ ਯੋਜਨਾ) ’ਤੇ ਸਹਿਮਤੀ ਜਤਾਈ ਹੈ।

ਰਾਸ਼ਟਰੀ ਕੈਬਨਿਟਆਸਟ੍ਰੇਲੀਆਈ ਜੀਵਨ ਸ਼ੈਲੀ ਲਈ ਫਿਊਲ ਦੀ ਮਹੱਤਤਾ ਅਤੇ ਖ਼ਾਸ ਕਰਕੇ, ਰਾਸ਼ਟਰੀ ਅਰਥ-ਵਿਵਸਥਾ ਲਈ ਡੀਜ਼ਲ ਦੀ ਮਹੱਤਤਾ ਨੂੰ ਮੰਨਦੀ ਹੈ। ਅਸੀਂ ਸਾਰੇ ਆਸਟ੍ਰੇਲੀਆ ਨੂੰ ਚੱਲਦਾ ਰੱਖਣ ਅਤੇ ਅਰਥ-ਵਿਵਸਥਾ ਨੂੰ ਅੱਗੇ ਵਧਾਉਣ ਲਈ ਵਚਨਬੱਧ ਹਾਂ।

ਰਾਸ਼ਟਰੀ ਫਿਊਲ ਸੁਰੱਖਿਆ ਯੋਜਨਾ ਇਸ ਲਈ ਤਿਆਰ ਕੀਤੀ ਗਈ ਹੈ ਤਾਂ ਜੋ ਭਾਈਚਾਰੇ ਅਤੇ ਕਾਰੋਬਾਰਾਂ ਨੂੰ ਤਾਜ਼ਾ ਜਾਣਕਾਰੀ ਦਿੱਤੀ ਜਾ ਸਕੇ ਅਤੇ ਹੋਰ ਲੋੜੀਂਦੇ ਫਿਊਲ ਸੁਰੱਖਿਆ ਉਪਾਵਾਂ ਬਾਰੇ ਪਹਿਲਾਂ ਹੀ ਜਾਣਕਾਰੀ ਦਿੱਤੀ ਜਾ ਸਕੇ।

ਨਵੇਂ ਸਪਲਾਈ ਉਪਾਵਾਂ ਦੇ ਨਾਲ ਮਿਲ ਕੇ, ਆਪਣੀ ਮਰਜ਼ੀ ਨਾਲ ਚੁੱਕੇ ਗਏ ਕਦਮ ਸਖ਼ਤ ਉਪਾਵਾਂ ਨੂੰ ਲਾਗੂ ਕਰਨ ਦੀ ਲੋੜ ਨੂੰ ਘਟਾ ਸਕਦੇ ਹਨ।

ਸਾਰੇ ਆਸਟ੍ਰੇਲੀਆਈ ਲੋਕ ਇਸ ਸਥਿਤੀ ਵਿੱਚ ਇਕੱਠੇ ਹਨ। ਅਸੀਂ ਸਾਰੇ ਆਪਣਾ ਯੋਗਦਾਨ ਪਾ ਸਕਦੇ ਹਾਂ ਤਾਂ ਜੋ ਫਿਊਲ ਉਹਨਾਂ ਲੋਕਾਂ ਤੱਕ ਪਹੁੰਚੇ ਜਿਨ੍ਹਾਂ ਨੂੰ ਇਸ ਦੀ ਸਭ ਤੋਂ ਵੱਧ ਲੋੜ ਹੈ।

## ਸਾਡੀ ਸਾਂਝੀ ਪਹੁੰਚ ਚਾਰ ਪੱਧਰਾਂ ਦੇ ਅਧਾਰ ‘ਤੇ ਤੈਅ ਕੀਤੀ ਗਈ ਹੈ:

4 **ਸਾਰੇ ਆਸਟ੍ਰੇਲੀਆਈ ਲੋਕਾਂ ਲਈ ਅਤਿ-ਜ਼ਰੂਰੀ ਸੇਵਾਵਾਂ ਦੀ ਸੁਰੱਖਿਆ ਕਰਨਾ**

3 **ਟੀਚਾਬੱਧ ਕਾਰਵਾਈ ਕਰਨਾ**

2 **ਆਸਟ੍ਰੇਲੀਆ ਨੂੰ ਚੱਲਦਾ ਰੱਖਣਾ** (ਮੌਜੂਦਾ ਸਥਿਤੀ)

1 **ਯੋਜਨਾ ਬਣਾਉਣਾ ਅਤੇ ਤਿਆਰੀ ਕਰਨਾ**

ਇਹ ਯੋਜਨਾ ਹਰ ਪੱਧਰ ਵਿੱਚ ਸੰਕੇਤਕ ਪ੍ਰਬੰਧਾਂ ਦੀ ਰੂਪਰੇਖਾ ਦਿੰਦੀ ਹੈ।

ਜ਼ਿੰਮੇਵਾਰੀਆਂ ਸਰਕਾਰ ਦੇ ਵੱਖ-ਵੱਖ ਪੱਧਰਾਂ ਅਤੇ ਉਦਯੋਗਿਕ ਭਾਗੀਦਾਰਾਂ ਵਿੱਚ ਵੰਡੀਆਂ ਹੋਈਆਂ ਹਨ। ਅਸੀਂ ਸਾਰੇ ਮਿਲ ਕੇ ਭਾਈਚਾਰੇ ਲਈ ਕੰਮ ਕਰਾਂਗੇ ਅਤੇ ਹਰ ਕਿਸੇ ਲਈ ਅਰਥ-ਵਿਵਸਥਾ ਨੂੰ ਚੱਲਦਾ ਰੱਖਾਂਗੇ।

ਇਸ ਯੋਜਨਾ ਦਾ ਹਰ ਪੜਾਅ ਲਚਕਦਾਰ ਹੈ, ਸਥਿਰ ਨਹੀਂ। ਹਾਲਾਤਾਂ ਦੇ ਆਧਾਰ ’ਤੇ, ਕਈ ਵਾਰ ਅਸੀਂ ਪੱਧਰਾਂ ਨੂੰ ਉੱਪਰ ਅਤੇ ਹੇਠਾਂ ਕਰ ਸਕਦੇ ਹਾਂ।

ਸਾਰੀਆਂ ਸਰਕਾਰਾਂ ਬਦਲ ਰਹੀ ਸਥਿਤੀ ‘ਤੇ ਨੇੜਿਓਂ ਨਜ਼ਰ ਰੱਖਣਗੀਆਂ, ਅਤੇ ਉੱਭਰਨ ਵਾਲੀਆਂ ਸਥਿਤੀਆਂ ਅਨੁਸਾਰ ਜਵਾਬ ਦੇਣਗੀਆਂ। ਜੇਕਰ ਸਥਿਤੀ ਹੋਰ ਖ਼ਰਾਬ ਹੁੰਦੀ ਹੈ, ਤਾਂ ਸਾਵਧਾਨੀ ਵਜੋਂ ਕੰਮਕਾਜੀ ਯੋਜਨਾਵਾਂ ਤਿਆਰ ਕੀਤੀਆਂ ਜਾਣਗੀਆਂ।

## ਇਸ ਕੰਮ ਲਈ ਮਾਰਗਦਰਸ਼ਨ ਦੇਣ ਵਾਲੇ ਸੰਕੇਤਕਾਂ ਵਿੱਚ ਇਹ ਸ਼ਾਮਲ ਹਨ:

- ਵਿਸ਼ਵ ਬਾਜ਼ਾਰ ਵਿੱਚ ਸਪਲਾਈ ਦੇ ਹਾਲਾਤ ਅਤੇ ਫਿਊਲ ਦੀ ਆਮਦ ਬਾਰੇ ਸੰਭਾਵਨਾਵਾਂ
- ਘੱਟੋ-ਘੱਟ ਸਟਾਕ ਰੱਖਣ ਦੀ ਲਾਜ਼ਮੀ ਸ਼ਰਤ ਅਧੀਨ ਭੰਡਾਰ
- ਉਦਯੋਗ ਅਤੇ ਵੱਡੇ ਉਪਭੋਗਤਾਵਾਂ ਤੋਂ ਪ੍ਰਾਪਤ ਜਾਣਕਾਰੀਆਂ ਅਤੇ ਡਾਟਾ
- ਰਿਟੇਲ ਅਤੇ ਵੰਡ ਨਾਲ ਸੰਬੰਧਿਤ ਰੁਝਾਨ
- ਭਾਈਚਾਰੇ ਦੀਆਂ ਲੋੜਾਂ ਅਤੇ ਅਰਥ-ਵਿਵਸਥਾ ਨੂੰ ਸਮਰਥਨ ਦੇਣ ਵਾਲੀਆਂ ਗਤੀਵਿਧੀ।

ਜਵਾਬੀ ਕਾਰਵਾਈ ਦੇ ਪੱਧਰਾਂ ਵਿੱਚ ਕਿਸੇ ਵੀ ਤਬਦੀਲੀ ਤੋਂ ਪਹਿਲਾਂ ਸੰਬੰਧਿਤ ਉਦਯੋਗਾਂ ਅਤੇ ਖੇਤਰਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇਗਾ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਾਧੂ ਉਪਾਅ ਚੰਗੀ ਤਰ੍ਹਾਂ ਤਿਆਰ ਕੀਤੇ ਗਏ ਹਨ, ਅਤੇ ਭਾਈਚਾਰੇ ਤੱਕ ਇਸ ਤਰੀਕੇ ਨਾਲ ਪਹੁੰਚਾਏ ਜਾਣ ਕਿ ਉਹਨਾਂ ਦਾ ਸਭ ਤੋਂ ਵੱਧ ਅਸਰ ਹੋਵੇ।

ਸਾਰੀਆਂ ਸਰਕਾਰਾਂ ਨੂੰ ਫੌਰੀ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਫਿਊਲ ਅਤੇ ਊਰਜਾ ਸੰਬੰਧੀ ਲਚਕੀਲਾਪਣ ਮਜ਼ਬੂਤ ਕਰਨਾ ਲਾਜ਼ਮੀ ਹੈ, ਤਾਂ ਜੋ ਆਸਟ੍ਰੇਲੀਆਈ ਭਾਈਚਾਰੇ ਅਤੇ ਉਦਯੋਗ ਨੂੰ ਭਵਿੱਖ ਦੇ ਵਿਸ਼ਵ-ਵਿਆਪੀ ਝਟਕਿਆਂ ਤੋਂ ਬਚਾਇਆ ਜਾ ਸਕੇ।

ਸਸਤੀ ਅਤੇ ਖ਼ੁਦਮੁਖਤਿਆਰ ਊਰਜਾ ਆਸਟ੍ਰੇਲੀਆਈ ਉਦਯੋਗ ਨੂੰ ਮਜ਼ਬੂਤ ਆਧਾਰ ਪ੍ਰਦਾਨ ਕਰ ਸਕਦੀ ਹੈ, ਬਿਜਲੀ ਦੀਆਂ ਕੀਮਤਾਂ ਘੱਟ ਰੱਖ ਸਕਦੀ ਹੈ ਅਤੇ ਇੱਕ ਭਰੋਸੇਮੰਦ ਅਤੇ ਵਿਸ਼ਵਾਸਯੋਗ ਊਰਜਾ ਨਿਰਯਾਤਕ ਵਜੋਂ ਆਸਟ੍ਰੇਲੀਆ ਦੇ ਦਰਜੇ ਨੂੰ ਕਾਇਮ ਰੱਖ ਸਕਦੀ ਹੈ।

## ਪੱਧਰ 1:
# ਯੋਜਨਾ ਬਣਾਉਣਾ ਅਤੇ ਤਿਆਰੀ ਕਰਨਾ

**ਸਰਕਾਰਾਂ ਵੱਲੋਂ ਵਿਸ਼ਵ-ਪੱਧਰੀ ਕਾਰਕਾਂ ਦੇ ਪ੍ਰਭਾਵਾਂ 'ਤੇ ਨਜ਼ਰ ਰੱਖਣ ਦੇ ਨਾਲ-ਨਾਲ, ਫਿਊਲ ਦੀ ਸਪਲਾਈ ਆਮ ਤਰ੍ਹਾਂ ਜਾਰੀ ਹੈ।**

### ਤੁਹਾਨੂੰ ਕੀ ਜਾਣਨ ਦੀ ਲੋੜ ਹੈ:

- ਆਸਟ੍ਰੇਲੀਆਈ ਲੋਕ ਆਮ ਤਰ੍ਹਾਂ ਫਿਊਲ ਖ਼ਰੀਦ ਸਕਦੇ ਹਨ।

### ਮਨਵੈਲਥ ਵੱਲੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ:

- ਰਾਸ਼ਟਰੀ ਪੱਧਰ 'ਤੇ ਸਪਲਾਈ ਚੇਨ ਨਾਲ ਸੰਬੰਧਿਤ ਜਾਣਕਾਰੀ ਇਕੱਠੀ ਕਰਨ ਲਈ ਫਿਊਲ ਸਪਲਾਇਰਾਂ ਅਤੇ ਡਿਸਟ੍ਰੀਬਿਊਟਰਾਂ ਨਾਲ ਮਿਲਜੁਲ ਕੇ ਕੰਮ ਕੀਤਾ ਜਾਵੇਗਾ
- ਸਪਲਾਈ ਅਤੇ ਕੀਮਤਾਂ ਸੰਬੰਧੀ ਰਿਪੋਰਟਾਂ ਨੂੰ ਅੱਪਡੇਟ ਕੀਤਾ ਜਾਵੇਗਾ ਅਤੇ ਸਰਕਾਰ ਸੰਭਾਵਿਤ ਪ੍ਰਭਾਵਾਂ 'ਤੇ ਨਿਗਰਾਨੀ ਲਈ ਉਦਯੋਗ ਨਾਲ ਮਿਲ ਕੇ ਕੰਮ ਕਰੇਗੀ।

### ਰਾਜ ਅਤੇ ਟੈਰੀਟਰੀ ਪੱਧਰ 'ਤੇ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ:

- ਇਹ ਯਕੀਨੀ ਬਣਾਉਣ ਲਈ ਕਿ ਫਿਊਲ ਉੱਥੇ ਪਹੁੰਚੇ ਜਿੱਥੇ ਇਸ ਦੀ ਲੋੜ ਹੈ, ਅਤੇ ਸਥਾਨਕ ਸਪਲਾਈ ਚੇਨ ਨਾਲ ਸੰਬੰਧਿਤ ਜਾਣਕਾਰੀ ਸਵੈਇੱਛਕ ਤੌਰ 'ਤੇ ਸਾਂਝੀ ਕੀਤੀ ਜਾਵੇਗੀ, ਫਿਊਲ ਸਪਲਾਇਰਾਂ ਨਾਲ ਮਿਲਜੁਲ ਕੇ ਕੰਮ ਕੀਤਾ ਜਾਵੇਗਾ।

(ਮੌਜੂਦਾ ਸਥਿਤੀ)

## ਪੱਧਰ 2:
# ਆਸਟ੍ਰੇਲੀਆ ਨੂੰ ਚੱਲਦਾ ਰੱਖਣਾ

**ਫਿਊਲ ਦੀ ਸਪਲਾਈ ਪ੍ਰਭਾਵਸ਼ਾਲੀ ਢੰਗ ਨਾਲ ਜਾਰੀ ਹੈ, ਪਰ ਸਥਾਨਕ ਪੱਧਰ 'ਤੇ ਸਪਲਾਈ ਵਿੱਚ ਕੁੱਝ ਕੁ ਰੁਕਾਵਟਾਂ ਆ ਰਹੀਆਂ ਹਨ।**

### ਤੁਹਾਨੂੰ ਕੀ ਜਾਣਨ ਦੀ ਲੋੜ ਹੈ:

- ਆਸਟ੍ਰੇਲੀਆਈ ਸਰਕਾਰ ਫਿਊਲ ਦੀ ਸਪਲਾਈ ਮਜ਼ਬੂਤ ਬਣਾਈ ਰੱਖਣ ਲਈ ਪਹਿਲਾਂ ਤੋਂ ਸਾਵਧਾਨੀ ਵਾਲੇ ਕਦਮ ਚੁੱਕ ਰਹੀ ਹੈ।
- ਸਿਰਫ਼ ਉਨ੍ਹਾਂ ਹੀ ਫਿਊਲ ਵਰਤੋਂ ਜਿੰਨ੍ਹੇ ਦੀ ਤੁਹਾਨੂੰ ਲੋੜ ਹੈ। ਵਰਤੋਂ ਘੱਟ ਕਰਨ ਲਈ ਆਪਣੀ ਮਰਜ਼ੀ ਨਾਲ ਕਦਮ ਚੁੱਕੋ ਅਤੇ ਫਿਊਲ ਦੀਆਂ ਵੱਧ ਰਹੀਆਂ ਕੀਮਤਾਂ ਦੇ ਪ੍ਰਭਾਵ ਤੋਂ ਬਚੋ।

### ਕਾਮਨਵੈਲਥ ਵੱਲੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ:

- ਦੇਸ਼ ਅੰਦਰ ਫਿਊਲ ਦੀ ਸਪਲਾਈ ਮਜ਼ਬੂਤ ਕਰਨ ਲਈ ਮੁੱਖ ਵਪਾਰਕ ਭਾਗੀਦਾਰਾਂ ਨਾਲ ਦੋ-ਪੱਖੀ ਸਹਿਯੋਗ ਕਰਨਾ
- ਲੋੜ ਅਨੁਸਾਰ ਵਾਧੂ ਫਿਊਲ ਕਾਰਗੋ ਅਤੇ ਹੋਰ ਮਹੱਤਵਪੂਰਨ ਰਣਨੀਤਿਕ ਭੰਡਾਰਾਂ, ਜਿਵੇਂ ਕਿ ਯੂਰੀਆ ਅਤੇ ਪਲਾਸਟਿਕ ਰੈਜ਼ਿਨ, ਲਈ ਸਮਰਥਨ ਪ੍ਰਦਾਨ ਕਰਨਾ
- ਫਿਊਲ ਆਯਾਤ ਦੀ ਸਥਿਤੀ ਸਮੇਤ ਡਾਟਾ ਅਤੇ ਜਾਣਕਾਰੀ 'ਤੇ ਨਜ਼ਰ ਰੱਖਣਾ, ਰਿਪੋਰਟ ਕਰਨਾ ਅਤੇ ਅੱਗੇ ਸਾਂਝੀ ਕਰਨਾ
- ਫਿਊਲ ਮਾਪਦੰਡਾਂ ਵਿੱਚ ਤਬਦੀਲੀਆਂ ਰਾਹੀਂ ਸਪਲਾਈ ਨੂੰ ਦੇਸ਼ ਅੰਦਰਲੇ ਬਾਜ਼ਾਰ ਵੱਲ ਮੋੜਨਾ
- ਘੱਟੋ-ਘੱਟ ਸਟਾਕ ਰੱਖਣ ਦੀ ਲਾਜ਼ਮੀ ਲੋੜ ਅਧੀਨ ਭੰਡਾਰਾਂ ਦਾ ਪ੍ਰਬੰਧਨ ਕਰਨਾ ਅਤੇ ਵੱਖ-ਵੱਖ ਅਧਿਕਾਰ ਖੇਤਰਾਂ ਵਿੱਚ ਨਿਰਪੱਖ ਵੰਡ ਯਕੀਨੀ ਬਣਾਉਣਾ।

### ਰਾਜ ਅਤੇ ਟੈਰੀਟਰੀ ਪੱਧਰ 'ਤੇ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ:

- ਉਦਯੋਗ ਅਤੇ ਡਿਸਟ੍ਰੀਬਿਊਟਰਾਂ ਤੋਂ ਸਮੇਂ ਸਿਰ ਡਾਟਾ ਅਤੇ ਜਾਣਕਾਰੀ ਪ੍ਰਾਪਤ ਕਰਨ ਲਈ ਸੰਬੰਧਿਤ ਕਾਨੂੰਨੀ ਤਰੀਕਿਆਂ ਦੀ ਵਰਤੋਂ ਕਰਨਾ
- ਮਾਲ ਭਾੜੇ ਦੀ ਕਾਰਗੁਜ਼ਾਰੀ ਸੁਧਾਰਨ ਲਈ ਨਿਯਮਾਂ ਵਿੱਚ ਸੁਧਾਰਾਂ 'ਤੇ ਵਿਚਾਰ ਕਰਨਾ (ਜਿਵੇਂ ਲੰਬੇ ਟ੍ਰੇਲਰ, ਕੰਮਕਾਜੀ ਘੰਟਿਆਂ ਤੋਂ ਬਾਅਦ ਡਿਲੀਵਰੀ ਕਰਨ ਵਾਲੇ ਟਰੱਕ)
- ਡੀਜ਼ਲ ਦੀ ਉਪਲਬਧਤਾ ਸਮੇਤ ਫਿਊਲ ਸਟੇਸ਼ਨਾਂ ਦੀ ਸਪਲਾਈ 'ਤੇ ਨਿਗਰਾਨੀ ਅਤੇ ਰਿਪੋਰਟ ਕਰਨਾ
- ਫਿਊਲ 'ਤੇ ਨਿਰਭਰ ਉਦਯੋਗਾਂ 'ਤੇ ਪੈਣ ਵਾਲੇ ਆਰਥਿਕ ਪ੍ਰਭਾਵਾਂ ਦੀ ਨਿਗਰਾਨੀ ਕਰਨਾ।

## ਪੱਧਰ 3:
# ਟੀਚਾਬੱਧ ਕਾਰਵਾਈ ਕਰਨਾ

**ਸਪਲਾਈ ਵਿੱਚ ਲਗਾਤਾਰ ਆ ਰਹੀਆਂ ਰੁਕਾਵਟਾਂ ਦਾ ਮਤਲਬ ਹੈ ਕਿ ਅਸੀਂ ਫਿਊਲ ਨੂੰ ਉੱਥੇ ਪਹੁੰਚਾਉਣ 'ਤੇ ਧਿਆਨ ਦੇਵਾਂਗੇ, ਜਿੱਥੇ ਇਸ ਦੀ ਸਭ ਤੋਂ ਵੱਧ ਲੋੜ ਹੈ ਅਤੇ ਫਿਊਲ ਦੀ ਵਰਤੋਂ ਘਟਾਉਣ ਲਈ ਆਪਣੀ ਮਰਜ਼ੀ ਨਾਲ ਵਿਹਾਰਕ ਉਪਾਅ ਅਪਣਾਵਾਂਗੇ।**

### ਤੁਹਾਨੂੰ ਕੀ ਜਾਣਨ ਦੀ ਲੋੜ ਹੈ:

- ਸਰਕਾਰਾਂ ਸਪਲਾਈ ਨੂੰ ਸੁਰੱਖਿਅਤ ਕਰਨ ਲਈ ਕਾਰਵਾਈ ਕਰਨਗੀਆਂ। ਤੁਹਾਨੂੰ ਸਪੱਸ਼ਟ ਦਿਸ਼ਾ-ਨਿਰਦੇਸ਼ ਦਿੱਤੇ ਜਾਣਗੇ ਕਿ ਤੁਸੀਂ ਕਿਵੇਂ ਇਹ ਯਕੀਨੀ ਬਣਾਉਣ ਵਿੱਚ ਮਦਦ ਕਰ ਸਕਦੇ ਹੋ ਕਿ ਫਿਊਲ ਉੱਥੇ ਪਹੁੰਚੇ ਜਿੱਥੇ ਇਸ ਦੀ ਸਭ ਤੋਂ ਵੱਧ ਲੋੜ ਹੈ।
- ਸਾਰੀਆਂ ਸਰਕਾਰਾਂ ਤੁਹਾਡੀ ਵਰਤੋਂ ਘਟਾਉਣ ਵਿੱਚ ਮਦਦ ਕਰਨ ਲਈ ਵਿਹਾਰਕ ਉਪਾਵਾਂ ਦੀ ਭਾਲ ਕਰਨਗੀਆਂ।
- ਸਾਰੇ ਆਸਟ੍ਰੇਲੀਆਈ ਇਸ ਸਥਿਤੀ ਵਿੱਚ ਇਕੱਠੇ ਹਨ ਅਤੇ ਸਾਨੂੰ ਆਪਣਾ ਯੋਗਦਾਨ ਪਾਉਣਾ ਹੋਵੇਗਾ, ਤਾਂ ਜੋ ਫਿਊਲ ਉੱਥੇ ਪਹੁੰਚ ਸਕੇ ਜਿੱਥੇ ਇਸ ਦੀ ਸਭ ਤੋਂ ਵੱਧ ਲੋੜ ਹੈ।

### ਕਾਮਨਵੈਲਥ ਵੱਲੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ:

- ਰਣਨੀਤਿਕ ਭਾਗੀਦਾਰਾਂ ਤੋਂ ਸਪਲਾਈ ਯਕੀਨੀ ਬਣਾਉਣ ਲਈ ਸਰਕਾਰਾਂ ਦਰਮਿਆਨ ਸਹਿਯੋਗ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ
- ਵੰਡ ਨਾਲ ਸੰਬੰਧਿਤ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਘੱਟੋ-ਘੱਟ ਸਟਾਕ ਰੱਖਣ ਦੀ ਲਾਜ਼ਮੀ ਸ਼ਰਤ ਅਧੀਨ ਭੰਡਾਰਾਂ ਵਿੱਚੋਂ ਲੋੜ ਅਨੁਸਾਰ ਹੋਰ ਸਪਲਾਈ ਜਾਰੀ ਕੀਤੀ ਜਾਵੇਗੀ
- ਰਾਜਾਂ ਅਤੇ ਟੈਰੀਟਰੀਆਂ ਸਲਾਹ-ਮਸ਼ਵਰਾ ਕਰਕੇ, ਅਤੇ ਰਾਸ਼ਟਰੀ ਕੈਬਨਿਟ ਦੀ ਸਹਿਮਤੀ ਨਾਲ ਫਿਊਲ ਦੀ ਮੰਗ ਨੂੰ ਘਟਾਉਣ ਲਈ ਵਿਹਾਰਕ ਉਪਾਵਾਂ ਵਾਸਤੇ ਰਾਸ਼ਟਰੀ ਪੱਧਰ 'ਤੇ ਇਕਸਾਰ ਪਹੁੰਚ ਤਿਆਰ ਕੀਤੀ ਜਾਵੇਗੀ।

### ਰਾਜ ਅਤੇ ਟੈਰੀਟਰੀ ਪੱਧਰ 'ਤੇ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ:

- ਫਿਊਲ ਦੀ ਵਰਤੋਂ ਵਿੱਚ ਕਾਰਗੁਜ਼ਾਰੀ ਸੁਧਾਰਨ ਲਈ ਸੜਕ ਵਰਤੋਂ ਨਾਲ ਸੰਬੰਧਿਤ ਵਾਧੂ ਤਬਦੀਲੀਆਂ 'ਤੇ ਵਿਚਾਰ ਕੀਤਾ ਜਾਵੇਗਾ (ਜਿਵੇਂ ਟਰੱਕਿੰਗ ਲਈ ਲੰਬੇ ਘੰਟੇ)
- ਪੈਟਰੋਲ ਪੰਪਾਂ 'ਤੇ ਫਿਊਲ ਦੀ ਸਪਲਾਈ ਯਕੀਨੀ ਬਣਾਉਣ ਲਈ ਸੰਬੰਧਿਤ ਕਾਨੂੰਨੀ ਪ੍ਰਬੰਧ ਵਰਤੇ ਜਾਣਗੇ।
- ਫਿਊਲ ਦੀ ਮੰਗ ਘਟਾਉਣ ਲਈ ਵਿਹਾਰਕ ਉਪਾਵਾਂ ਸੰਬੰਧੀ ਰਾਸ਼ਟਰੀ ਪਹੁੰਚ ਲਾਗੂ ਕੀਤੀ ਜਾਵੇਗੀ।

## ਪੱਧਰ 4:
# ਸਾਰੇ ਆਸਟ੍ਰੇਲੀਆਈ ਲੋਕਾਂ ਲਈ ਅਤਿ-ਜ਼ਰੂਰੀ ਸੇਵਾਵਾਂ ਦੀ ਸੁਰੱਖਿਆ ਕਰਨਾ

**ਸਪਲਾਈ ਵਿੱਚ ਲਗਾਤਾਰ ਆ ਰਹੀਆਂ ਰੁਕਾਵਟਾਂ ਕਾਰਨ, ਇਹ ਯਕੀਨੀ ਬਣਾਉਣ ਲਈ ਸਰਕਾਰੀ ਕਾਰਵਾਈ ਕਰਨ ਦੀ ਲੋੜ ਹੈ ਕਿ ਅਤਿ-ਜ਼ਰੂਰੀ ਉਪਭੋਗਤਾਵਾਂ ਦੀ ਸੁਰੱਖਿਆ ਹੋਵੇ ਅਤੇ ਅਰਥ-ਵਿਵਸਥਾ ਖੁੱਲ੍ਹੀ ਅਤੇ ਚੱਲਦੀ ਰਹੇ।**

### ਤੁਹਾਨੂੰ ਕੀ ਜਾਣਨ ਦੀ ਲੋੜ ਹੈ:

- ਸਾਰੀਆਂ ਸਰਕਾਰਾਂ ਮਿਲ ਕੇ ਫਿਊਲ ਦੀ ਮੰਗ ਨੂੰ ਹੋਰ ਮਜ਼ਬੂਤੀ ਨਾਲ ਸੰਭਾਲਣ ਲਈ ਕਦਮ ਲਾਗੂ ਕਰਨਗੀਆਂ, ਤਾਂ ਜੋ ਅਤਿ-ਜ਼ਰੂਰੀ ਵਰਤੋਂਕਾਰਾਂ ਲਈ ਫਿਊਲ ਉਪਲਬਧ ਰਹੇ।
- ਫਿਊਲ ਦੀ ਵੰਡ ਦਾ ਸਮਰਥਨ ਕਰਨ ਲਈ ਰਾਸ਼ਟਰੀ ਪੱਧਰ 'ਤੇ ਇਕਸਾਰ ਢਾਂਚਾ ਹੋਵੇਗਾ, ਜਿਸ ਵਿੱਚ ਇਹ ਸਪੱਸ਼ਟ ਸ਼ਰਤਾਂ ਹੋਣਗੀਆਂ ਕਿ ਉਪਾਵਾਂ ਵਿੱਚ ਕਦੋਂ ਢਿੱਲ ਦਿੱਤੀ ਜਾ ਸਕਦੀ ਹੈ।

### ਕਾਮਨਵੈਲਥ ਵੱਲੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ:

- ਅੰਤਰਰਾਸ਼ਟਰੀ ਭਾਗੀਦਾਰਾਂ ਨਾਲ ਹੋਰ ਸਹਿਯੋਗ ਕੀਤਾ ਜਾਵੇਗਾ
- ਰਾਜਾਂ ਅਤੇ ਟੈਰੀਟਰੀਆਂ ਨਾਲ ਸਲਾਹ-ਮਸ਼ਵਰਾ ਕਰਕੇ, ਅਤੇ ਰਾਸ਼ਟਰੀ ਕੈਬਨਿਟ ਦੀ ਸਹਿਮਤੀ ਨਾਲ ਅਤਿ-ਜ਼ਰੂਰੀ ਕਰਮਚਾਰੀਆਂ ਅਤੇ ਖੇਤਰਾਂ ਲਈ ਫਿਊਲ ਸਪਲਾਈ ਨੂੰ ਤਰਜੀਹ ਦੇਣ ਵਾਸਤੇ ਰਾਸ਼ਟਰੀ ਪੱਧਰ 'ਤੇ ਇਕਸਾਰ ਢਾਂਚਾ ਤਿਆਰ ਕੀਤਾ ਜਾਵੇਗਾ।
- ਫਿਊਲ ਦੀ ਸਪਲਾਈ ਨੂੰ ਇਸ ਤਰ੍ਹਾਂ ਦਿਸ਼ਾ ਦੇਣਾ ਕਿ ਰਾਜ ਅਤੇ ਟੈਰੀਟਰੀ ਪੱਧਰ 'ਤੇ ਰਾਸ਼ਟਰੀ ਸਪਲਾਈ ਦੀ ਨਿਰਪੱਖ ਅਤੇ ਪ੍ਰਭਾਵਸ਼ਾਲੀ ਵੰਡ ਯਕੀਨੀ ਬਣਾਈ ਜਾ ਸਕੇ।

### ਰਾਜ ਅਤੇ ਟੈਰੀਟਰੀ ਪੱਧਰ 'ਤੇ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ:

- ਸਥਾਨਕ ਪੱਧਰ 'ਤੇ ਫਿਊਲ ਸਪਲਾਈ ਨੂੰ ਤਰਜੀਹ ਦੇਣ ਲਈ ਰਾਸ਼ਟਰੀ ਢਾਂਚੇ ਨੂੰ ਲਾਗੂ ਕੀਤਾ ਜਾਵੇਗਾ
- ਮੁੱਖ ਕਰਮਚਾਰੀਆਂ ਅਤੇ ਸਭ ਤੋਂ ਵੱਧ ਲੋੜਵੰਦ ਲੋਕਾਂ ਲਈ ਟੀਚਾਬੱਧ ਜਨਤਕ ਆਵਾਜਾਈ ਹੱਲ ਪ੍ਰਦਾਨ ਕੀਤਾ ਜਾਵੇਗਾ।

**ਪੱਧਰ 3 ਅਤੇ 4 'ਤੇ ਵਿਚਾਰ ਕੀਤਾ ਜਾ ਰਿਹਾ ਹੈ ਅਤੇ ਹਾਲਾਤਾਂ ਅਨੁਸਾਰ ਇਨ੍ਹਾਂ ਵਿੱਚ ਤਬਦੀਲੀ ਹੋ ਸਕਦੀ ਹੈ। ਸਰਕਾਰਾਂ ਉਦਯੋਗ ਅਤੇ ਭਾਈਚਾਰੇ ਨਾਲ ਕੰਮ ਕਰਨਾ ਜਾਰੀ ਰੱਖਣਗੀਆਂ।**